# 4
# ਬੁੱਧਵਾਰ, ਵੀਰਵਾਰ ਅਤੇ ਸ਼ੁੱਕਰਵਾਰ

### ਮੱਤੀ 26:1-35; ਮਰਕੁਸ 14:1-31; ਲੂਕਾ 22:1-38; ਯੂਹੰਨਾ 13-17

*''... ਯਿਸੂ ਨੇ ਇਹ ਜਾਣ ਕੇ ਕਿ ਮੇਰੀ ਘੜੀ ਆ ਪਹੁੰਚੀ ਹੈ ਜਾਂ ਮੈਂ ਇਸ ਜਗਤ ਨੂੰ ਛੱਡ ਕੇ ਪਿਤਾ ਕੋਲ ਜਾਵਾਂ ਆਪਣੇ ਨਿੱਜ ਲੋਕਾਂ ਨਾਲ ਜਿਹੜੇ ਜਗਤ ਵਿਚ ਸਨ ਪਿਆਰ ਕਰਕੇ ਉਨ੍ਹਾਂ ਨੂੰ ਅੰਤ ਤੋੜੀ ਪਿਆਰ ਕਰਦਾ ਰਿਹਾ'' (ਯੂਹੰਨਾ 13:1)।*

ਮੰਗਲਵਾਰ ਦੇ ਸਵਾਲਾਂ-ਜਵਾਬਾਂ ਦੇ ਬਾਅਦ, ਖ਼ੁਦਾ ਨੇ ਯਿਸੂ ਨੂੰ ਇਕ ਦਿਨ ਦੀ ਛੁੱਟੀ ਦੇ ਦਿੱਤੀ। ਸਾਨੂੰ ਨਹੀਂ ਪਤਾ ਕਿ ਬੁੱਧਵਾਰ ਉਹ ਕਿੱਥੇ ਗਿਆ ਅਤੇ ਕਿਹਦੇ ਨਾਲ ਰਿਹਾ, ਜਾਂ ਉਹਨੇ ਕੀ ਕੀਤਾ। ਖ਼ਾਮੋਸ਼ੀ ਸਾਡੇ 'ਤੇ ਗਰਜਦੀ ਹੈ! ਯਿਸੂ ਵੱਲੋਂ ਸਦੂਕੀਆਂ ਨੂੰ ਹਟਾਉਣ ਨਾਲ ਫ਼ਰੀਸੀ ਖ਼ੁਸ਼ ਸਨ ਪਰ ਉਨ੍ਹਾਂ ਦੀ ਖੁਸ਼ੀ ਛੇਤੀ ਹੀ ਨਫ਼ਰਤ ਵਿਚ ਬਦਲ ਗਈ ਜਦ ਯਿਸੂ ਨੇ ਉਨ੍ਹਾਂ ਨੂੰ ਵੀ ਖ਼ਾਮੋਸ਼ ਕਰ ਦਿੱਤਾ। ਉਹਦੇ ਦੁਸ਼ਮਣਾਂ ਦਾ ਤਰਕ ਸੀ, ''ਅਸੀਂ ਉਹਦਾ ਜਵਾਬ ਨਹੀਂ ਦੇ ਸਕਦੇ ਇਸ ਕਰਕੇ ਅਸੀਂ ਉਹਨੂੰ ਮਾਰ ਸੁੱਟਾਂਗੇ।''

ਇਸ ਦਿਨ ਯਿਸੂ ਰੁੱਝਿਆ ਹੋਵੇ ਜਾਂ ਨਾ ਪਰ ਯਹੂਦਾ ਜ਼ਰੂਰ ਰੁੱਝਿਆ ਹੋਇਆ ਸੀ। ਉਹਦੇ ਵੱਲੋਂ ਕੀਤਾ ਗਿਆ ਧੋਖਾ ਜੋਸ਼ ਵਿਚ ਆ ਕੇ ਨਹੀਂ ਸਗੋਂ ਸੋਚ ਸਮਝ ਕੇ ਕੀਤਾ ਗਿਆ ਸੀ। ਮਹਾਂ ਸਭਾ ਭਾਵ ਯਹੂਦੀਆਂ ਦੀ ਸਰਬਉੱਚ ਸਭਾ ਵੀ ਗੁਪਤ ਬੈਠਕ ਕਰਨ ਵਿਚ ਰੁੱਝੀ ਸੀ। ਸ਼ੈਤਾਨ ਵੀ ਰੁੱਝਿਆ ਹੋਇਆ ਸੀ। ਬੁੱਧਵਾਰ ਤੂਫ਼ਾਨ ਤੋਂ ਪਹਿਲਾਂ ਦੀ ਖ਼ਾਮੋਸ਼ੀ ਵਾਲਾ ਦਿਨ ਸੀ। ਭਲਾ ਤੁਸੀਂ ਅੰਦਾਜ਼ਾ ਲਾ ਸਕਦੇ ਹੋ ਕਿ ਇਹ ਦਿਨ ਯਿਸੂ ਨੇ ਖ਼ੁਦਾ ਅੱਗੇ ਦੁਆ ਵਿਚ ਕੱਟਿਆ!

## ਪਸਾਹ ਲਈ ਤਿਆਰੀ ਕਰਨਾ

ਵੀਰਵਾਰ ਸਵੇਰੇ ਯਿਸੂ ਫੇਰ ਕਦੇ ਨਾ ਸੌਣ ਲਈ ਜਾਗਿਆ। ਉਹ ''ਘੜੀ'' ਆ ਚੁੱਕੀ ਸੀ। ਬੁੱਧਵਾਰ ਦੇ ਅਰਾਮ ਤੋਂ ਬਾਅਦ ਯਿਸੂ ਫੇਰ ਤੋਂ ਸਲੀਬ ਵੱਲ ਨੂੰ ਚੱਲ ਪਿਆ। ਹੋਣ ਵਾਲੀ ਹਰ ਗੱਲ ਉਹਦੇ ਵੱਸ ਵਿਚ ਸੀ। ਦੂਜਿਆਂ ਨੂੰ ਲਗਦਾ ਸੀ ਕਿ ਉਹ ਉਨ੍ਹਾਂ ਦੇ ਹੱਥ ਵਿਚ ਹੈ, ਪਰ ਅਸਲ 'ਚ ਅਜਿਹਾ ਨਹੀਂ ਸੀ। ਸਲੀਬ ਦੀ ਯੋਜਨਾ ਅਤੇ ਇਹਨੂੰ ਲਾਗੂ ਕਰਨਾ ਓਸੇ ਵੱਲੋਂ ਹੀ

ਸੀ। ਉਹਦਾ ਇਰਾਦਾ ਪੱਕਾ ਸੀ, ਪਰ ਉਹਨੂੰ ਕੋਈ ਕਾਹਲ਼ੀ ਨਹੀਂ ਸੀ!

ਇਸ ਦਿਨ ਦਾ ਮਕਸਦ ਪਸਾਹ ਦੇ ਭੋਜ ਦੀ ਤਿਆਰੀ ਕਰਨਾ ਸੀ (ਮੱਤੀ 26:17-19; ਮਰਕੁਸ 14:12-16; ਲੂਕਾ 22:7-13)। ਯਿਸੂ ਨੇ ਆਪਣੇ ਚੇਲਿਆਂ ਨੂੰ ਪਾਣੀ ਦਾ ਘੜਾ ਲਈ ਜਾ ਰਹੇ ਆਦਮੀ ਨੂੰ ਲੱਭ ਕੇ ਉਹਦੇ ਪਿੱਛੇ ਜਾਣ ਲਈ ਕਿਹਾ। ਯਰੂਸ਼ਲਮ ਵਿਚ ਅਜਿਹਾ ਕਰਨ ਵਾਲਾ ਆਦਮੀ ਸਿਰਫ਼ ਓਹੀ ਹੋਣਾ ਸੀ, ਕਿਉਂਕਿ ਇਹ ‘‘ਕੰਮ ਔਰਤਾਂ ਦਾ’’ ਹੁੰਦਾ ਸੀ। ਰਸੂਲਾਂ ਨੇ ਓਵੇਂ ਹੀ ਕੀਤਾ ਜਿਵੇਂ ਉਹਨੇ ਕਿਹਾ ਸੀ ਅਤੇ ਉਨ੍ਹਾਂ ਨੂੰ ਤਿਆਰ ਕੀਤਾ ਹੋਇਆ ਇਕ ਕਮਰਾ ਮਿਲਿਆ। ਵਿਚਾਰ ਕਰੋ ਕਿ ਇਹ ਕਿੰਨਾ ਹੈਰਾਨ ਕਰਨ ਵਾਲਾ ਹੋਵੇਗਾ! ਉਨ੍ਹਾਂ ਨੂੰ ਇਕ ਵੱਡੇ ਕਮਰੇ ਦੀ ਲੋੜ ਸੀ। ਪਸਾਹ ਸਮੂਹ ਵਾਸਤੇ ਹੁੰਦਾ ਸੀ। ਯਰੂਸ਼ਲਮ ਬਾਹਰੋਂ ਆਏ ਲੋਕਾਂ ਨਾਲ ਭਰਿਆ ਹੋਇਆ ਸੀ। ਯਕੀਨਨ ਹੀ ਕੋਈ ਜਗ੍ਹਾ ਖਾਲੀ ਨਹੀਂ ਸੀ। ਇਹ ਕਮਰਾ ਖ਼ਾਲੀ ਤਾਂ ਹੈ ਹੀ ਸੀ, ਤਿਆਰ ਵੀ ਕੀਤਾ ਹੋਇਆ ਸੀ! ਇਹ ਕਿਵੇਂ ਹੋ ਗਿਆ? ਖ਼ੁਦਾ ਦਾ ਅਜੀਬ ਇੰਤਜ਼ਾਮ ਕੰਮ ਕਰ ਰਿਹਾ ਸੀ! ਖ਼ੁਦਾ ਸਾਡੀਆਂ ਜ਼ਿੰਦਗੀਆਂ ਵਿਚ ਵੀ ਅਣਹੋਣੀਆਂ ਗੱਲਾਂ ਨੂੰ ਸੰਭਵ ਬਣਾ ਸਕਦਾ ਹੈ।

ਰਸੂਲਾਂ ਨਾਲ ਇਹ ਪਸਾਹ ਖਾਣ ਵਿਚ ਯਿਸੂ ਦੀ ਡੂੰਘੀ ਦਿਲਚਸਪੀ ਸੀ (ਲੂਕਾ 22:14-16)। ਇਹਦੇ ਕਈ ਕਾਰਣ ਦਿੱਤੇ ਜਾ ਸਕਦੇ ਹਨ: (1) ਯਿਸੂ ਨੇ ਪਸਾਹ ਖਾਣ ਦੀ ਆਪਣੀ ਇੱਛਾ ਦੱਸੀ ਕਿਉਂਕਿ ਉਹਦਾ ਦੁੱਖ ਝੱਲਣਾ ਨੇੜੇ ਸੀ। (2) ਇਹਦੇ ਇਲਾਵਾ ਇਹ ਖ਼ੁਦਾ ਦਾ ਆਖ਼ਰੀ ਪਸਾਹ ਦਾ ਭੋਜ ਸੀ। ਯਿਸੂ ਨੇ ਮੂਸਾ ਦੀ ਸ਼ਰ੍ਹਾ ਨੂੰ ਸਲੀਬ ’ਤੇ ਕਿੱਲਾਂ ਨਾਲ ਠੋਕ ਦਿੱਤਾ (ਕੁਲੁੱਸੀਆਂ 2:14)। ਜੋ ਖ਼ੁਦਾ ਨੇ ਦਿੱਤਾ ਸੀ ਉਹ ਉਹਨੇ ਲੈ ਲਿਆ। (3) ਹੁਣ ਯਿਸੂ ਸਾਡਾ ਲਗਾਤਾਰ ਪਸਾਹ ਹੈ (1 ਕੁਰਿੰਥੀਆਂ 5:7)। (4) ਚੁਬਾਰੇ ’ਤੇ ਪਸਾਹ ਖਾਣ ਦੀ ਇਸ ਸਥਿਤੀ ਵਿਚ ਯਿਸੂ ਨੇ ਆਪਣੇ ਭੋਜ ਦੀ ਸ਼ੁਰੂਆਤ ਕੀਤੀ।

ਦੋ ਗੱਲਾਂ ਸਾਡਾ ਧਿਆਨ ਖਿੱਚਦੀਆਂ ਹਨ: (1) ਵਚਨ ਦਾ ਅਖ਼ਤਿਆਰ ਅਤੇ (2) ਯਿਸੂ ਦੀ ਆਗਿਆਕਾਰਤਾ। ਯਿਸੂ ਨੇ ਖ਼ੁਦਾ ਦੀ ਸ਼ਰ੍ਹਾ ਦਾ ਪਾਲਨ ਕੀਤਾ! ਉਹ ਮੂਸਾ ਦੀ ਸ਼ਰ੍ਹਾ ਅਧੀਨ ਪੈਦਾ ਹੋਇਆ, ਰਿਹਾ ਅਤੇ ਮਰਿਆ। ਉਹਨੇ ਮੂਸਾ ਦੀ ਸ਼ਰ੍ਹਾ ਦੀ ਬਿੰਦੀ-ਬਿੰਦੀ ਦੀ ਪਾਲਣਾ ਸੱਚੇ ਦਿਲੋਂ ਕੀਤੀ (ਮੱਤੀ 5:17-20), ਪਰ ਉਹਨੇ ਫ਼ਰੀਸੀਆਂ ਦੇ ਬਣਾਏ ਇਨਸਾਨੀ ਨਿਯਮਾਂ ਨੂੰ ਨਹੀਂ ਮੰਨਿਆ। *ਵਚਨ ਨੂੰ ਘੱਟ ਕਰਕੇ ਨਾ ਜਾਣੋ। ਝੂਠੀ ਸਿੱਖਿਆ ਦੇਣ ਵਾਲਿਆਂ ਅਤੇ ਝੂਠੀ ਸਿੱਖਿਆ ਦਾ ਵਿਰੋਧ ਪਿਆਰ ਨਾਲ ਕਰੋ।*

## ਪਰਨੇ ਨਾਲ ਸੇਵਾ ਕਰਨਾ

ਹੁਣ ਅਸੀਂ ਵੀਰਵਾਰ ਰਾਤ ’ਤੇ ਆਉਂਦੇ ਹਾਂ ਜੋ ਯਹੂਦੀ ਸ਼ੁੱਕਰਵਾਰ ਦੀ ਸ਼ੁਰੂਆਤ ਸੀ। ਯਿਸੂ ਦੀ ਮੌਤ ਤੋਂ ਪਹਿਲਾਂ, ਰਸੂਲ ਆਪਸ ਵਿਚ ਝਗੜ ਰਹੇ ਸਨ ਕਿ ਉਨ੍ਹਾਂ ਵਿੱਚੋਂ ਵੱਡਾ ਕੌਣ ਹੈ (ਲੂਕਾ 22:24-30)। ਭਲਾ ਯਹੂਦਾ ਇਸ ਝਗੜੇ ਵਿਚ ਹੋ ਸਕਦਾ ਹੈ? ਉਹਨੇ ਯਿਸੂ ਦੇ ਸਨਮਾਨ ਵਿਚ ਕੀਤੇ ਜਾਣ ਵਾਲੇ ਮਸਹ ਲਈ ਮਰੀਅਮ ਨੂੰ ਡਾਂਟਣ ਵਿਚ ਪਹਿਲ ਕੀਤੀ ਸੀ (ਯੂਹੰਨਾ 12:1-8)। ਉਹਦੀ ਸੋਚ ਤੋਂ ਪਤਾ ਲਗ ਗਿਆ ਸੀ ਕਿ ਉਹਦੇ ਦਿਲ ਵਿਚ ਕੀ ਹੈ।

ਹਰ ਗੁੱਟ ਦਾ ਕੋਈ ਰਹਿਨੁਮਾ ਹੁੰਦਾ ਹੈ। ਕੋਈ ਨਾ ਕੋਈ ਜ਼ਿੰਮੇਵਾਰ ਹੋਣਾ ਜ਼ਰੂਰੀ ਹੈ। ਯਿਸੂ ਨੇ ਪਤਰਸ, ਯਾਕੂਬ ਅਤੇ ਯੂਹੰਨਾ ਨੂੰ ਆਪਣੇ ਆਗੂ ਬਣਾਇਆ। ਰਸੂਲਾਂ ਵਿਚ ਕੋਈ ਨਿਰਾਸ਼ਾ, ਈਰਖਾ ਜਾਂ ਸੱਤਾ ਸੰਘਰਸ਼ ਚੱਲ ਰਿਹਾ ਹੋ ਸਕਦਾ ਹੈ?

ਯਹੂਦਾ ਵੱਲੋਂ ਯਿਸੂ ਨੂੰ ਫੜਵਾਉਣਾ ਮੌਜ ਵਿਚ ਆ ਕੇ ਲਿਆ ਫ਼ੈਸਲਾ ਨਹੀਂ ਸੀ। ਖਾਣੇ 'ਤੇ ਬੈਠਣ ਸਮੇਂ ਇਹ ਉਬਾਲ ਬਾਹਰ ਆ ਗਿਆ ਹੋ ਸਕਦਾ ਹੈ, ਪਰ ਮੁਸ਼ਕਿਲ ਇਸ ਨਾਲੋਂ ਕਿਤੇ ਵੱਡੀ ਸੀ। ਯਿਸੂ ਨੇ ਇਹ ਕਹਿੰਦਿਆਂ ਬੁੱਤਪ੍ਰਸਤਾਂ ਦੀ ਮੂਰਤੀਪੂਜਾ ਦੀ ਤਾਕਤ ਦੇ ਖ਼ਿਲਾਫ਼ ਸਿਖਾਇਆ ਸੀ ਕਿ ''ਤੁਹਾਡੇ ਵਿਚ ਅਜਿਹਾ ਨਾ ਹੋਵੇ'' (ਮੱਤੀ 20:20-28; ਮਰਕੁਸ 10:35-45)। ਯਾਕੂਬ ਅਤੇ ਯੂਹੰਨਾ ਨੇ (ਆਪਣੀ ਮਾਂ ਨਾਲ) ਖ਼ਾਸ ਅਹੁਦੇ ਅਤੇ ਸ਼ਕਤੀ ਪਾਉਣ ਦੀ ਬੇਨਤੀ ਕੀਤੀ ਸੀ। ਯਿਸੂ ਨੇ ਪ੍ਰਮੁਖ ਥਾਵਾਂ ਲਈ ਜ਼ੋਰ ਲਾਉਣ ਅਤੇ ਧੁੱਸ ਦੇਣ ਬਾਰੇ ਕੁਝ ਕਿਹਾ (ਵੇਖੋ ਮੱਤੀ 23:6-12; ਮਰਕੁਸ 12:38-40; ਲੂਕਾ 20:45-47)। ਅੱਜ ਸਾਡੇ ਵਿਚ ਘਮੰਡ ਅਤੇ ਅੱਖੜਪਨ ਦੀਆਂ ਉਹੀ ਮੁਸ਼ਕਿਲਾਂ ਪਾਈਆਂ ਜਾਂਦੀਆਂ ਹਨ। ਅਸੀਂ ਯਿਸੂ ਵੱਲੋਂ ਵਿਖਾਈ ਹਲੀਮੀ ਨਾਲ ਇਨ੍ਹਾਂ 'ਤੇ ਕਾਬੂ ਪਾ ਸਕਦੇ ਹਾਂ (ਫ਼ਿਲਿੱਪੀਆਂ 2:5-8)।

ਯਿਸੂ ਨੇ ਉਸ ਸਭ ਨਾਲ ਕਿਵੇਂ ਨਜਿੱਠਿਆ ਜੋ ਉਹਨੂੰ ਸਹਿਣਾ ਪਿਆ? ਉਹਨੇ ਚੀਕ ਕੇ, ਧਮਕੀ ਦੇ ਕੇ ਜਾਂ ਸਖ਼ਤੀ ਨਾਲ ਝਿੜਕ ਕੇ ਅਜਿਹਾ ਨਹੀਂ ਕੀਤਾ। ਜੇ ਅਸੀਂ ਯਿਸੂ ਦੀ ਥਾਂ ਹੁੰਦੇ ਤਾਂ ਅਸੀਂ ਖ਼ੁਦਾ ਅੱਗੇ ਦੁਆ ਕਰਦੇ ਕਿ, ''ਸਾਨੂੰ ਰਸੂਲਾਂ ਦਾ ਬਿਲਕੁਲ ਨਵੇਂ ਸਮੂਹ ਚਾਹੀਦਾ ਹੈ!'' ਇਹਦੇ ਉਲਟ ਉਹਨੇ ਖ਼ਾਮੋਸ਼ੀ ਨਾਲ ਉਨ੍ਹਾਂ ਨੂੰ ਸਿਖਾਇਆ ਅਤੇ ਸਿਖਾਉਂਦਾ ਰਿਹਾ! ਉਹਨੇ ਇਕ ਪਰਨਾ ਚੁੱਕ ਕੇ ਉਨ੍ਹਾਂ ਦੇ ਪੈਰ ਧੋਤੇ (ਵੇਖੋ ਯੂਹੰਨਾ 13:1-17)। ਖ਼ਾਮੋਸ਼ੀ ਬੋਲੇ ਕਰਨ ਵਾਲੀ ਸੀ। ਇਸ ਖ਼ਾਮੋਸ਼ੀ ਨੂੰ ਪਤਰਸ ਦੇ ਉਬਾਲ ਨੇ ਭੰਗ ਕੀਤਾ: ''ਤੂੰ ਮੇਰੇ ਪੈਰ ਕਦੇ ਨਹੀਂ ਧੋਵੇਂਗਾ!'' ਮਜ਼ਬੂਤੀ ਨਾਲ, ਪਰ ਪਿਆਰ ਨਾਲ ਯਿਸੂ ਨੇ ਪਤਰਸ ਨੂੰ ਖ਼ਾਮੋਸ਼ ਕਰ ਦਿੱਤਾ। ਪੈਰ ਧੁਆਉਣ ਨਾਲੋਂ ਧੋਣਾ ਅਸਾਨ ਹੈ। ਖ਼ੁਦਾ ਦਾ ਬੇਟਾ ਪਰਨੇ ਨਾਲ ਆਪਣੀ ਕਲੀਸੀਆ ਦੀ ਨੀਂਹ ਰੱਖਣ ਲੱਗਾ। ਉਹਨੇ ਆਪਣੇ ਆਪ ਨੂੰ ''ਸੇਵਕ'' ਐਲਾਨਿਆ (ਵੇਖੋ ਲੂਕਾ 22:27)। ਯਿਸੂ ਨੇ ਉੱਥੇ ਮੌਜੂਦ ਸਭ ਦੇ ਪੈਰ ਧੋਤੇ ਜਿਨ੍ਹਾਂ ਵਿਚ ਯਹੂਦਾ ਵੀ ਸੀ। ਫਿਰ ਉਹ ਆਪਣੇ ਰਸੂਲਾਂ ਨੂੰ ਕਈ ਮੁੱਢਲੀਆਂ ਚੇਤਾਵਨੀਆਂ ਦੇਣ ਲੱਗਾ, ਪਰ ਉਹ ਬਗ਼ੈਰ ਕਾਮਯਾਬੀ ਦੇ ਦਿੱਤੀਆਂ ਗਈਆਂ ਸਨ।

## ਫੜਵਾਉਣ ਵਾਲੇ ਦੀ ਪਛਾਣ ਕਰਨਾ

ਪਸਾਹ ਦੇ ਖਾਣੇ 'ਤੇ ਯਿਸੂ ਨੇ ਐਲਾਨ ਕੀਤਾ ਕਿ ਉਹ ਫੜਵਾਇਆ ਜਾਣ ਵਾਲਾ ਹੈ। ਸਾਨੂੰ ਇਹੀ ਲੱਗੇਗਾ ਕਿ ਦੂਜਿਆਂ ਨੂੰ ਸਮਝ ਆ ਗਿਆ ਸੀ ਕਿ ਫੜਵਾਉਣ ਵਾਲਾ ਯਹੂਦਾ ਹੀ ਹੋਵੇਗਾ, ਪਰ ਅਜਿਹੀ ਕੋਈ ਗੱਲ ਨਹੀਂ ਸੀ। ਰਸੂਲਾਂ ਨੂੰ ਯਕੀਨ ਨਹੀਂ ਸੀ ਕਿ ਉਨ੍ਹਾਂ ਵਿੱਚੋਂ ਕੋਈ ਪ੍ਰਭੂ ਨੂੰ ਫੜਵਾਏਗਾ ... ਪਰ ਹਰ ਕਿਸੇ ਨੂੰ ਡਰ ਸੀ ਕਿ ਕਿਤੇ ਉਹੀ ਨਾ ਹੋਵੇ (ਮੱਤੀ 26:21-25; ਮਰਕੁਸ 14:18-21; ਲੂਕਾ 22:21-23; ਯੂਹੰਨਾ 13:21-30)। ਯਹੂਦਾ ਨੇ ਪੁੱਛਿਆ, ''ਕੀ ਉਹ ਮੈਂ ਹਾਂ?'' (ਮੱਤੀ 26:25; NKJV)। ਯਿਸੂ ਨੇ ਰਸੂਲਾਂ ਨੂੰ ਦੱਸਿਆ ਕਿ ਉਹਦਾ ਫੜਵਾਉਣ ਵਾਲਾ ਉਨ੍ਹਾਂ ਵਿੱਚੋਂ ਹੀ ਹੈ ਜਿਹਨੂੰ ਉਹਨੇ ''ਰੋਟੀ'' ਦਿੱਤੀ (ਯੂਹੰਨਾ 13:26)। ਯਹੂਦਾ ਨੂੰ ਰੋਟੀ ਦੀ ਬੁਰਕੀ ਦੇਣ 'ਤੇ ਬੜੇ ਅਚਰਜ ਢੰਗ ਨਾਲ ਦੂਜੇ ਰਸੂਲਾਂ ਨੂੰ ਇਹਦੀ ਬਿਲਕੁਲ ਸਮਝ ਨਾ ਆਈ। ਯਹੂਦਾ ਨੂੰ ਪਤਾ ਸੀ ਕਿ ਯਿਸੂ ਨੂੰ ਪਤਾ ਹੈ! (ਵੇਖੋ ਮੱਤੀ 26:25.)

ਕਈ ਸਾਲ ਪਹਿਲਾਂ ਰੂਅਲ ਲੈਮਨਸ ਨੇ ਯੂਹੰਨਾ 13:30 ਦੇ ਅਧਾਰ 'ਤੇ ''ਐਂਡ ਇਟ ਵਾਜ਼ ਨਾਈਟ'' ਸਿਰਲੇਖ ਨਾਲ ਸੰਦੇਸ਼ ਦਿੱਤਾ ਸੀ, ਜਿਸ ਵਿਚ ਕਿਹਾ ਗਿਆ ''ਰੋਟੀ ਲੈਣ ਦੇ ਬਾਅਦ [ਯਹੂਦਾ] ਝੱਟ ਬਾਹਰ ਗਿਆ; ਅਤੇ ਇਹ ਰਾਤ ਦਾ ਵਕਤ ਸੀ।'' ਖ਼ੁਦਾ ਰੌਸ਼ਨੀ ਹੈ; ਜਦ ਕਿ ਪਾਪ ਹਨੇਰਾ ਹੈ। ਯਹੂਦਾ ਨੇ ਹਨੇਰੇ ਵਾਸਤੇ ਰੌਸ਼ਨੀ ਨੂੰ ਛੱਡ ਦਿੱਤਾ। ਯਹੂਦਾ ਵਿਚ

ਸ਼ੈਤਾਨ ਦਾ ਆਉਣਾ ਕੋਈ ਰਹੱਸਮਈ ਜਾਂ ਅਲੌਕਿਕ ਗੱਲ ਨਹੀਂ ਸੀ। ਯਹੂਦਾ ਨੇ ਉਹਨੂੰ ਆਉਣ ਦਿੱਤਾ ਅਤੇ ਉਹਦਾ ਸਵਾਗਤ ਕੀਤਾ। *ਹਨ੍ਹੇਰੇ ਵਾਸਤੇ ਰੌਸ਼ਨੀ ਨੂੰ ਛੱਡਣਾ ਕਿੰਨਾ ਅਫ਼ਸੋਸਨਾਕ ਹੈ!* ਯਹੂਦਾ ਯੂਹੰਨਾ 13:34, 35 ਵਿਚ ਕਹੇ ਯਿਸੂ ਦੇ ਇਨ੍ਹਾਂ ਸ਼ਬਦਾਂ ਤੋਂ ਪਹਿਲਾਂ ਚਲਾ ਗਿਆ: ''ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ ਕਿ ਇਕ ਦੂਜੇ ਨੂੰ ਪਿਆਰ ਕਰੋ ਅਰਥਾਤ ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ ਤੁਸੀਂ ਇਕ ਦੂਜੇ ਨੂੰ ਪਿਆਰ ਕਰੋ। ਜੇ ਤੁਸੀਂ ਆਪੋ ਵਿਚ ਪ੍ਰੇਮ ਰੱਖੋ ਤਾਂ ਇਸੇ ਤੋਂ ਸਭ ਜਾਣਨਗੇ ਕਿ ਤੁਸੀਂ ਮੇਰੇ ਚੇਲੇ ਹੋ।'' ਪਾਪ ਤਬਾਹੀ ਕਰਨ ਵਾਲਾ ਨੁਕਸਾਨ ਨਹੀਂ ਲਿਆਉਂਦਾ ਕਿਉਂਕਿ ਪਾਪ ਦਾ ਦੁਖਾਂਤ ਉਸ ਵਿਚ ਹੈ ਜਿਸ ਤੋਂ ਤੁਸੀਂ ਖੁੰਝਦੇ ਹੋ। ਯਹੂਦਾ ਬਹੁਤ ਕੁਝ ਖੁੰਝ ਗਿਆ! ਉਹਨੇ ਜੀ ਉੱਠੇ ਪ੍ਰਭੂ ਨੂੰ ਨਹੀਂ ਵੇਖਿਆ।

## ਆਪਣੇ ਭੋਜ ਦੀ ਸਥਾਪਨਾ ਕਰਨਾ

ਯਹੂਦਾ ਨੂੰ ਭੇਜਣ ਤੋਂ ਬਾਅਦ ਯਿਸੂ ਨੇ ਯਾਦਗਾਰ ਕਾਇਮ ਕੀਤੀ ਜਿਸ ਨੂੰ ਅਸੀਂ ਪ੍ਰਭੂ ਭੋਜ ਆਖਦੇ ਹਾਂ (ਮੱਤੀ 26:26-29; ਮਰਕੁਸ 14:22-25; ਲੂਕਾ 22:17-20; 1 ਕੁਰਿੰਥੀਆਂ 11:23-26)। ਯੂਹੰਨਾ 6:48-58 ਪੜ੍ਹੋ। ਇਹ ਪ੍ਰਭੂ ਭੋਜ ਦੇ ਸਬੰਧ ਵਿਚ ਨਹੀਂ ਹੈ, ਪਰ ਡਾਕਟ੍ਰਿਨਲ (ਸਿੱਖਿਆ ਸੰਬਧੀ) ਸੱਚਾਈ ਹੈ। ਬਚਾਏ ਜਾਣ ਲਈ ਸਾਨੂੰ ਮਸੀਹ ਭਾਵ ਉਹਦੇ ਜੀਵਨ, ਉਹਦੀ ਸਿੱਖਿਆ ਅਤੇ ਮੁਕਤੀ ਨੂੰ ਨਿਗਲਣਾ ਜ਼ਰੂਰੀ ਹੈ।

ਪ੍ਰਭੂ ਭੋਜ ਇਕ ਸਭਾ ਵਿਚ ਸ਼ੁਰੂ ਕੀਤਾ ਗਿਆ ਸੀ। ਮੁੱਢਲੀ ਕਲੀਸੀਆ ਇਸ ਨੂੰ ਲੈਣ ਲਈ ਇਕੱਠੀ ਹੁੰਦੀ ਸੀ (ਰਸੂਲਾਂ ਦੇ ਕੰਮ 20:7)। ਨਵੇਂ ਨੇਮ ਦੀ ਬੰਦਗੀ ਦੀ ਸ਼ਾਨ ਇਹਦੀ ਸਾਦਗੀ ਭਾਵ ਰੋਟੀ ਅਤੇ ਪਿਆਲੇ ਵਿਚ ਹੈ।

## ਆਖਰੀ ਵੇਰਵੇ

ਇਹਦੇ ਬਾਅਦ ਯਿਸੂ ਦਾ ਧਿਆਨ ਪਤਰਸ 'ਤੇ ਸੀ ਜਿਹਨੇ ਬੇਹੱਦ ਵਫ਼ਾਦਾਰੀ ਦੀ ਸਹੁੰ ਖਾਧੀ ਸੀ। ਯਿਸੂ ਨੇ ਕਿਹਾ ਕਿ ਮੁਰਗੇ ਦੇ ਬਾਂਗ ਦੇਣ ਤੋਂ ਪਹਿਲਾਂ ਪਤਰਸ ਤਿੰਨ ਵਾਰ ਉਹਦਾ ਇਨਕਾਰ ਕਰੇਗਾ। ਪੜ੍ਹੋ ਮੱਤੀ 26:33-35; ਮਰਕੁਸ 14:29, 30; ਯੂਹੰਨਾ 13:36-38. ਲੂਕਾ 22:31-34 ਹੋਰ ਵੇਰਵਾ ਦਿੰਦਾ ਹੈ। ਸ਼ੈਤਾਨ ਨੇ ਪਤਰਸ ਨੂੰ ਚਾਹਿਆ ਪਰ ਯਿਸੂ ਨੇ ਕਿਹਾ ਕਿ ਉਹਨੇ ਉਹਦੇ ਲਈ ਦੁਆ ਕੀਤੀ ਸੀ। ਭਲਾ ਯਿਸੂ ਨੇ ਯਹੂਦਾ ਲਈ ਵੀ ਦੁਆ ਨਹੀਂ ਕੀਤੀ? ਬੇਸ਼ੱਕ ਕੀਤੀ। ਸਾਡੀਆਂ ਸਭ ਦੁਆਵਾਂ ਦਾ ਜਵਾਬ ਓਸੇ ਤਰ੍ਹਾਂ ਨਹੀਂ ਮਿਲ ਸਕਦਾ ਜਿਵੇਂ ਅਸੀਂ ਚਾਹੁੰਦੇ ਹਾਂ!

ਇਹ ਬਹੁਤ ਘੱਟ ਪਤਾ ਹੈ ਕਿ ਯਿਸੂ ਨੇ ''ਪ੍ਰਧਾਨ ਯਾਜਕ ਵਾਲੀ ਦੁਆ'' ਕਦ, ਕਦੋਂ ਅਤੇ ਕਿਵੇਂ ਕੀਤੀ ਪਰ ਅਸਲ ''ਪ੍ਰਭੂ ਦੀ ਪ੍ਰਾਰਥਨਾ'' ਯੂਹੰਨਾ 17 ਵਿਚ ਹੀ ਹੈ। ਇਹ ਦੁਆ ਸ਼ਾਇਦ ਹੁਣ ਤਕ ਦੀ ਸਭ ਤੋਂ ਵੱਡੀ ਦੁਆ ਹੈ! ਉਹਨੇ ਆਪਣੇ ਰਸੂਲਾਂ ਲਈ, ਆਪਣੇ ਆਪ ਲਈ ਅਤੇ ਸਾਡੇ ਲਈ ਦੁਆ ਕੀਤੀ!

*ਸਲੀਬ ...*
*ਹੋਰ ਰਾਹ ਹੀ ਨਹੀਂ!*